International Journal of Multidisciplinary Research and Development 2015; 2(10): 729-730

International Journal of Multidisciplinary Research and Development

Volume: 2, Issue: 10, 729-730
Oct 2015
www.allsubjectjournal.com
e-ISSN: 2349-4182
p-ISSN: 2349-5979
Impact Factor: 5.742

**Dr. Rachhpal Singh Uppal**
Guru Nanak Khalsa College,
Abohar, Punjab, India.

**Correspondence**
**Dr. Rachhpal Singh Uppal**
Guru Nanak Khalsa College,
Abohar, Punjab, India.

# ਲੋਕ ਬੋਲੀਆਂ ਦਾ ਸਿਰਤਾਜ ਪਾਤਰ 'ਛੜਾ'

**Dr. Rachhpal Singh Uppal**

ਪੰਜਾਬੀ ਲੋਕ ਗੀਤ ਪੰਜਾਬੀ ਲੋਕ ਕਾਵਿ/ਸਾਹਿਤ ਦੀ ਸਭ ਤੋਂ ਮਹੱਤਵਪੂਰਨ ਵੰਨਗੀ ਹੈ ਜਿਸਨੂੰ ਪੰਜਾਬੀਆਂ ਦੀ ਆਤਮਾ ਦੀ ਆਵਾਜ਼ ਵੀ ਕਹਿ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।ਲੋਕ ਗੀਤਾਂ ਵਿਚ ਪੰਜਾਬੀਆਂ ਦੇ ਰੰਗਲੇ ਜੀਵਨ ਦੀ ਤਸਵੀਰ ਝਲਕਦੀ ਹੈ।ਇਹ ਗੀਤ ਪੀੜ੍ਹੀ ਦਰ ਪੀੜ੍ਹੀ ਯਾਤਰਾ ਕਰਦੇ ਹਨ ਜਿਸ ਕਾਰਨ ਇਸ ਵਿਚ ਘਾਟੇ ਵਾਧੇ ਨੂੰ ਹੋਈ ਜਾਂਦੇ ਹਨ ਤੇ ਲੋਕ ਮਨ ਅਨੁਸਾਰ ਇਨ੍ਹਾ ਦਾ ਤਰਾਸ਼ਿਆਂ ਤੇ ਸੰਵਰਿਆ ਰੂਪ ਵੀ ਬਣਦਾ ਰਹਿੰਦਾ ਹੈ।

"ਲੋਕ ਗੀਤਾਂ ਦੀ ਮਹੱਤਤਾ ਸਬੰਧੀ ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਜੀ ਲਿਖਦੇ ਹਨ,"ਲੋਕ ਗੀਤਾ ਦੀ ਸਹਾਇਤਾ ਨਾਲ ਅਸੀਂ ਇਕ ਪੁਰਾਣੇ ਸੰਸਾਰ ਨੂੰ ਪ੍ਰਾਪਤ ਕਰ ਲਵਾਂਗੇ, ਜਿਸਨੂੰ ਜਾਂ ਤਾਂ ਅਸੀਂ ਭੁੱਲ ਚੁੱਕੇ ਹਾਂ ਜਾਂ ਜਿਸਨੂੰ ਅਸੀਂ ਗਲਤ ਸਮਝ ਬੈਠੇ ਹਾਂ।"[1]

ਲੋਕ ਗੀਤਾ ਦੀ ਰੂਪ ਅਨੁਸਾਰ ਵੰਡ ਕੀਤੀ ਜਾਵੇ ਤਾਂ ਇਸ ਵਿਚ ਅੱਗੇ ਬੋਲੀਆਂ, ਟੱਪੇ, ਸਿੱਠਣੀਆ, ਸੁਹਾਗ, ਘੋੜੀਆਂ, ਢੋਲੇ, ਦੋਹੇ ਆਦਿ ਨੂੰ ਵਿਚਾਰਿਆ ਜਾਂਦਾ ਹੈ।ਬੋਲੀਆਂ ਜਾਂ ਬੋਲੀ ਕਾਵਿ ਰੂਪ ਜਿਸ ਦਾ ਸਬੰਧ ਗਿੱਧੇ ਜਾਂ ਭੰਗੜੇ ਨਾਲ ਹੈ।ਮਰਦ ਇਸਨੂੰ ਭੰਗੜੇ ਵਿਚ ਗਾਉਂਦੇ ਹਨ ਅਤੇ ਔਰਤਾਂ ਗਿੱਧੇ ਵਿਚ ਗਾਉਂਦੀਆ ਹਨ।

"ਬੋਲੀ ਸਮੂਹਿਕ ਰੂਪ ਵਿਚ ਗਾਇਆ ਜਾਣ ਵਾਲਾ ਲੋਕ ਕਾਵਿ ਰੂਪ ਹੈ ਜਿਸ ਦੀਆਂ ਪਹਿਲੀਆ ਤੁਕਾਂ ਦਾ ਤੋਲ ਤੁਕਾਂਤ ਲੱਗਭਗ ਬਰਾਬਰ ਹੁੰਦਾ ਹੈ।ਆਖਰੀ ਤੁਕ ਜਿਸਨੂੰ ਤੋੜਾ ਕਿਹਾ ਜਾਂਦਾ ਹੈ, ਲਗਭਗ ਅੱਧੀ ਹੁੰਦੀ ਹੈ।"[2]

ਬੋਲੀ ਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। (ੳ) ਲੰਮੀ ਬੋਲੀ (ਅ) ਨਿੱਕੀ ਬੋਲੀ ਨਿੱਕੀ ਬੋਲੀ ਦੇ ਵੀ ਅੱਗੇ ਦੋ ਭੇਦ ਹਨ

(1) ਸਹਿਜਤੁਕ ਵਾਲੀ ਬੋਲੀ
(2) ਰੂੜ੍ਹਤੁਕ ਵਾਲੀ ਬੋਲੀ

### ਡਾ. ਨਾਹਰ ਸਿੰਘ ਨੇ ਨਿੱਕੀ ਬੋਲੀ ਦੀ ਪ੍ਰੀਭਾਸ਼ਾ ਇਸ ਤਰ੍ਹਾ ਕੀਤੀ ਹੈ

"ਨਿੱਕੀ ਬੋਲੀ ਗਿੱਧੇ ਨਾਲ ਸਬੰਧਿਤ ਲਗਭਗ ਦੋ ਸਤਰਾਂ ਵਾਲਾ ਅਜਿਹਾ ਗੀਤ ਰੂਪ ਹੈ ਜਿਸ ਦੀ ਪਹਿਲੀ ਸਤਰ ਰੂੜ੍ਹ ਤੁਕ/ਤੁਕਾਂਤ ਹੁੰਦੀ ਹੈ ਜਾਂ ਰੂੜ੍ਹ ਤੁਕ ਦੇ ਪ੍ਰਕਾਰਜ ਵਿਚ ਆਉਂਦੀ 'ਸਹਿਜ ਤੁਕ' ਹੁੰਦੀ ਹੈ।ਇਸ ਦੀ ਦੂਜੀ ਸਤਰ ਤੋੜਾ ਹੁੰਦੀ ਹੈ।ਪਹਿਲੀ ਸਤਰ ਤੋਂ ਤੋੜੇ ਵਿਚਾਲੇ ਭਾਵ ਇਕਸਾਰਤਾ ਜਾਂ ਥੀਮਕ ਨਿਰੰਤਰਤਾ ਦੀ ਕੋਈ ਸ਼ਰਤ ਨਹੀਂ ਹੁੰਦੀ।"[3]

### ਡਾ. ਜਗੀਰ ਸਿੰਘ ਨੂਰ ਅਨੁਸਾਰ

"ਲੰਮੀਆਂ ਬੋਲੀਆਂ ਵੀ ਦੋ ਵਰਗਾ ਵਿਚ ਰੱਖੀਆਂ ਜਾ ਸਕਦੀਆਂ ਹਨ। (ੳ) ਲੜੀਦਾਰ ਬੋਲੀਆਂ (ਅ) ਟੁੱਟਵੀਆਂ ਬੋਲੀਆਂ/ਲੜ੍ਹੀਦਾਰ ਬੋਲੀਆ ਜਿਨ੍ਹਾ ਵਿਚ ਵਿਸ਼ੇ ਦਾ ਪ੍ਰਵਾਹ ਇਕ ਲੜੀ ਵਿਚ ਹੋ ਰਿਹਾ ਹੁੰਦਾ ਹੈ, ਤੁਕਾਂ ਨੂੰ ਅੱਗੇ-ਪਿਛੇ ਕਰਨ ਤੇ ਇਸ ਵਿਚਲੀ ਵਿਚਾਰ-ਲੜੀ ਟੁੱਟ ਜਾਂਦੀ ਹੈ।ਟੁੱਟੀਆਂ ਬੋਲੀਆਂ ਵਿਚ ਵਿਸ਼ੇ ਨੂੰ ਤੋੜ ਭੰਨ ਕੇ ਪ੍ਰਸਤੁਤ ਕੀਤਾ ਜਾਂਦਾ ਹੈ।"[4]

ਬੋਲੀਆਂ ਮਰਦਾਂ ਅਤੇ ਔਰਤਾਂ ਦੋਨਾਂ ਦੁਆਰਾ ਗਾਈਆਂ ਜਾਂਦੀਆਂ ਹਨ।ਮਰਦਾਂ ਦੀਆਂ ਬੋਲੀਆਂ ਵਿਚ ਸੰਸਾਰ ਨੂੰ ਮਰਦਾਂ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ, ਇਨ੍ਹਾਂ ਵਿਚ ਇਸਤਰੀ ਰੂਪ ਦੀ ਵਡਿਆਈ ਕਿਸਾਨੀ ਜੀਵਨ ਦੇ ਅਨੁਭਵ ਵਿਚ ਆਉਂਦੀ ਪ੍ਰਕਿਰਤੀ, ਫ਼ਸਲੀ ਚੱਕਰ, ਮੇਲੇ-ਤਿਉਹਾਰ, ਆਰਥਿਕ, ਸਮਾਜਿਕ ਪਹਿਲੂ ਝਾਕਦੇ ਹਨ। ਔਰਤਾਂ ਦੀਆਂ ਬੋਲੀਆਂ ਵਿਚ ਉਹਨਾਂ ਦੀ ਹਰ ਜੀਵਨ-ਅਵਸਥਾ ਦੇ ਅਨੁਭਵ ਤੇ ਮਾਨਸਿਕਤਾ ਅਤੇ ਜਜ਼ਬਾਤੀ ਘੁਟਣ ਨੂੰ ਪ੍ਰਗਟਾਵਾ ਮਿਲਿਆ ਹੈ। ਸੋ ਇਸ ਤਰ੍ਹਾਂ ਲੋਕ ਬੋਲੀਆਂ ਵਿਚ ਸਰਿਸ਼ਟੀ ਦੇ ਸਿਰਜਣਹਾਰ,

ਸਰਿਸ਼ਟੀ ਦੀ ਹਰ ਵਸਤੂ, ਔਰਤ-ਮਰਦ ਦੀਆਂ ਅਕਾਂਖਿਆਵਾਂ, ਗਿਲੇ ਸ਼ਿਕਵੇ, ਪਿਆਰ, ਉਮੰਗਾ,ਦਿਉਰ ਭਰਜਾਈ, ਜੇਠ ਭਰਜਾਈ ਦੀ ਨੋਕ-ਝੋਕ, ਸੱਸ ਤੇ ਸਹੁਰੇ ਸਬੰਧੀ ਆਦਿ ਅਨੇਕ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ।ਛੜਾ ਵੀ ਲੋਕ-ਬੋਲੀਆਂ ਦਾ ਇਕ ਸ਼ਾਹ ਅਸਵਾਰ ਪਾਤਰ ਹੈ। ਲੋਕ ਬੋਲੀਆਂ ਵਿਚ ਅਕਸਰ ਹੀ ਦਿਉਰ ਕੁਆਰੇ ਅਤੇ ਜੇਠ ਛੜੇ ਦਾ ਕਿਰਦਾਰ ਆਪ ਮੁਹਾਰੇ ਹੀ ਮੁਹਰੇ ਆ ਖੜਦਾ ਹੈ।'ਕੁਆਰਾ' ਤੋਂ ਭਾਵ ਕਿ ਜਿਸਨੂੰ ਅਜੇ ਕੋਈ ਸਾਕ/ਰਿਸ਼ਤਾ ਆਉਣ ਦੀ ਉਮੀਦ ਹੈ ਤੇ ਉਮਰ ਵੀ ਅਨੁਸਾਰੀ ਹੈ ਜਦੋਂ ਕਿ ਛੜਾ ਉਹ ਵਿਅਕਤੀ ਜਿਸ ਦੀ ਉਮਰ ਵੀ ਪੱਕੜ ਹੋ ਗਈ ਹੋਵੇ ਤੇ ਉਸਨੂੰ ਕਿਸੇ ਪਾਸਿਓ ਪੁੰਨ ਦੇ ਰਿਸ਼ਤੇ ਦੀ ਝਾਕ ਵੀ ਨਾ ਹੋਵੇ।

ਪੰਜਾਬੀ ਸਮਾਜ ਵਿਚ ਰਿਸ਼ਤਾ ਨਾਤਾ ਪ੍ਰਣਾਲੀ ਦੇ ਜਾਂ ਸਾਕਾਚਾਰੀ ਵਿਚ ਵੱਖ-ਵੱਖ ਰਿਸ਼ਤਿਆਂ ਦਾ ਸਥਾਨ ਵੱਖ-ਵੱਖ ਹੈ।ਦਿਉਰ ਭਰਜਾਈ ਦਾ ਰਿਸ਼ਤਾ ਹਮੇਸ਼ਾਂ ਤੋਂ ਸਮਾਜਿਕ ਪ੍ਰਵਾਨਗੀ ਵਾਲਾ ਹੀ ਰਿਹਾ ਹੈ ਜਦੋਂ ਕਿ ਜੇਠ ਭਰਜਾਈ ਦਾ

ਰਿਸ਼ਤਾ ਮੁਢ-ਕਦੀਮ ਤੋਂ ਹੀ ਨਫ਼ਰਤ ਭਰਿਆ ਜਾਂ ਕੁੜੱਤਣ ਵਾਲਾ ਹੀ ਰਿਹਾ ਹੈ:-

ਛੜੇ ਜੇਠ ਨੂੰ ਲੱਸੀ ਨਹੀਂ ਦੇਣੀ
ਦਿਉਰ ਭਾਵੇਂ ਮੱਝ ਚੁੰਘ ਜੇ,

ਸਾਡੇ ਸਮਾਜ ਵਿਚ ਰਿਸ਼ਤਿਆ ਦੀ ਸਮੀਕਰਣ ਦਾ ਆਧਾਰ ਆਰਥਿਕਤਾ ਹੀ ਹੈ।ਮਾਲਵੇ ਵਿਚ ਜਮੀਨਾਂ ਦੀ ਘਾਟ ਰਹੀ ਹੋਣ ਕਰਕੇ ਜੇਠ ਨੇ ਵੱਡੇ ਪੁੱਤ ਦਾ ਫਰਜ਼ ਨਿਭਾਉਂਦਿਆਂ ਹਮੇਸ਼ਾਂ ਕੁਰਬਾਨੀ ਦਿੱਤੀ ਹੈ ਤੇ ਨਿੱਕੇ ਭਰਾ ਦਾ ਘਰ ਵਸਾਇਆ ਹੈ।ਹਮੇਸ਼ਾ ਹੀ ਛੋਟੇ ਦੇ ਵਸੇਬੇ ਵਿਚ ਹੀ ਆਪਣੀ ਖੁਸ਼ੀ ਸਮਝੀ ਹੈ।ਜੇਠ ਛੜਾ ਰਹਿਕੇ ਵੀ ਘਰ ਦੀ ਆਰਥਿਕਤਾ ਨੂੰ ਮੋਢਾ ਦੇ ਕੇ ਆਪ ਨਿਉਂਦਾ ਆਇਆ ਹੈ।ਪਰ ਵਿੰਡਬਨਾ ਇਹ ਕਿ ਪਦਾਰਥਕ ਲਾਲਚ ਅਧੀਨ ਉਸਨੂੰ ਜੋੜੀ ਵੀ ਰੱਖਿਆ ਹੈ ਤੇ ਸਮਾਂ ਨਿਕਲਨ 'ਤੇ ਬੁੱਢੇ ਢੱਗੇ ਵਾਂਗ ਵੰਡ ਵਾਲੀ ਖੁਰਲੀ ਤੋਂ ਪਾਸੇ ਨੂੰ ਈ ਹੱਕਿਆ ਗਿਆ ਹੈ ਜੋ ਉਸ ਦੀ ਦੁਖਾਂਤਕ ਸਥਿਤੀ ਦਾ ਇਕ ਆਧਾਰ ਰੂਪੀ ਕਾਰਨ ਹੋ ਨਿਬੜਿਆ ਹੈ।

ਸਾਡੇ ਸਮਾਜ ਵਿਚ ਛੜਿਆਂ ਦਾ ਆਪਣਾ ਨਿਵੇਕਲਾ ਸਥਾਨ ਹੈ ਜੋ ਹਮੇਸ਼ਾ ਤ੍ਰਿਸਕਾਰ ਦਾ ਪਾਤਰ ਹੀ ਰਿਹਾ ਹੈ।ਵੇਲਾ ਵਹਾਅ ਚੁੱਕਾ ਵਿਅਕਤੀ ਲੰਮੇਰੀ ਉਮਰ ਦਾ ਪਾਂਧੀ ਹੋਣ ਤੇ ਜਾਂ ਉਮਰੋਂ ਪਕੇੜਾ ਹੋਣ ਤੇ ਵੀ ਜੀਵਨ ਵਿਚ ਔਰਤ ਦਾ ਸਾਥ ਲੋਚਦਾ ਹੈ ਜੋ ਨਸੀਬ ਨਹੀਂ ਹੁੰਦਾ ਜਿਸ ਲਈ ਉਹ ਸਮਾਜਿਕ ਤੌਰ ਤੇ ਤ੍ਰਿਸਕਾਰ ਦਾ ਪਾਤਰ ਹੋ ਨਿਬੜਦਾ ਹੈ।ਬੋਲੀਆਂ ਵਿਚ ਅਜਿਹੇ ਵਿਅਕਤੀ ਲਈ 'ਛੜਾ' ਸ਼ਬਦ ਦਾ ਪ੍ਰਯੋਗ ਕਰਦਿਆਂ ਹਮੇਸ਼ਾਂ ਉਸਨੂੰ ਨਿੰਦਿਆ ਦਾ ਭਾਗੀਦਾਰ ਬਣਨਾ ਪੈਂਦਾ। 'ਛੜਾ' ਪਾਤਰ ਮਰਦਾ ਦੇ ਮਲਵਈ ਗਿੱਧੇ ਅਤੇ ਔਰਤਾਂ ਦੇ ਗਿੱਧੇ ਦੀਆਂ ਬੋਲੀਆਂ ਦਾ ਸ਼ਿੰਗਾਰ ਬਣਦਾ ਹੈ।ਜੇਕਰ ਗਿੱਧਾ ਪਾਉਂਦੀਆਂ ਮੁਟਿਆਰਾਂ ਨੂੰ ਵੇਖਣ ਵਾਲਿਆਂ ਵਿਚ 'ਛੜਾ' ਵੀ ਬਿਰਾਜਮਾਨ ਹੋਵੇ ਤੇ ਮੁੱਛਾਂ ਚਾੜ੍ਹ ਕੇ ਮਨੋ ਔਰਤ ਦਾ ਸਾਥ ਹੰਢਾਅ ਰਿਹਾ ਹੋਵੇ ਤਾਂ ਔਰਤਾਂ/ਮੁਟਿਆਰਾਂ ਦੇ ਨਜ਼ਰੀਂ ਪੈਣ ਤੇ, ਬੋਲੀ ਪਾਕੇ ਜਿਸ ਤਰ੍ਹਾਂ ਡੰਗ ਮਾਰਦੀਆ ਹਨ ਉਸ ਦਾ ਵਰਣਨ ਇਸ ਤਰ੍ਹਾਂ ਹੈ :-

ਐਵੇਂ ਭੁੱਲ ਕੇ ਛੜੇ ਨੂੰ ਅੱਖ ਮਾਰੀ
ਪੱਟਕੇ ਬਰੂਹਾਂ ਖਾ ਗਿਆ
ਹੇ ਦਾੜ੍ਹੀਆ ਵੇ ਬੂ ਦਾੜ੍ਹੀਆ
ਘਰ ਭੈਣ ਕੁਆਰੀ ਵੇ, ਕਿਉਂ ਮੁੱਛਾ ਚਾੜ੍ਹੀਆਂ
ਬੋਲੀ ਪਾਈਏ ਨਾ ਕਰੀਏ ਗਿੱਟ ਮਿਟਨੀ
ਬੋਲੀ ਮਾਰੀਏ ਛੜੇ ਦਾ ਹਿੱਕ ਵਢਨੀ

'ਛੜਾ' ਜਿਹੜਾ ਕਿ ਪਹਿਲਾਂ ਹੀ ਰੱਬ ਦੀ ਮਾਰ ਦਾ ਝੰਬਿਆ ਹੋਇਆ ਹੈ ਤੇ ਅਸਹਿਜਤਾ ਵਾਲਾ ਜੀਵਨ ਭੋਗ ਰਿਹਾ ਹੈ। ਜਿਸ ਨੂੰ ਸਾਰੇ ਰੰਗ ਇਕੋ ਜਿਹੇ ਹੀ ਭਾਵ ਫ਼ਿੱਕੇ-ਫ਼ਿੱਕੇ ਲੱਗਦੇ ਹਨ ਜੋ ਉਸ ਦੀ ਜ਼ਿੰਦਗੀ ਵਿਚ ਆਈ ਨੀਰਸਤਾ ਦੀ ਹੀ ਹਾਮੀ ਭਰਦੇ ਹਨ।ਕੇਵਲ ਬੋਲੀਆਂ ਵਿਚ ਹੀ ਉਸਨੂੰ ਤ੍ਰਿਸਕਾਰਿਆ ਨਹੀਂ ਜਾਂਦਾ ਸਗੋਂ ਸਮਾਜ ਵੱਲੋਂ ਹੀ ਉਸਨੂੰ ਹੀਣ ਭਾਵਨਾ ਦਾ ਹੀ ਅਹਿਸਾਸ ਕਰਾਇਆ ਜਾਂਦਾ ਹੈ।ਆਂਢ-ਗੁਆਂਢ ਵਿਚ ਵਿਚਰਦਿਆਂ ਵੀ ਉਸਨੂੰ ਤ੍ਰਿਸਕਾਰ ਅਤੇ ਹੀਣਤਾ ਦਾ ਹੀ ਸ਼ਿਕਾਰ ਹੋਣਾ ਪੈਂਦਾ ਹੈ:-

ਕੋਰੇ ਕੋਰੇ ਕੁੱਜੇ ਵਿਚ ਦਹੀਂ ਮੈਂ ਜਮਾਨੀਆਂ, ਤੜ੍ਹਕੇ, ਉੱਠ ਕੇ ਰਿੜਕਾਂਗੇ
ਛੜੇ ਆਉਣਗੇ ਲੱਸੀ ਨੂੰ ਝਿੜਕਾਂਗੇ।
ਬੇਰੀਏ ਤੈਨੂੰ ਬੇਰ ਲੱਗਣਗੇ, ਟੀਸੀ ਤੇ ਗੜੌਂਦੇ
ਤੈਨੂੰ ਛੜੇ ਵਿਖਾਵਾ ਨੀ ਮੇਲਣੇ, ਇੱਲਾਂ ਵਾਗੂੰ ਭੋਂਦੇ

'ਛੜਾ' ਪੇਂਡੂ ਸਮਾਜ ਅਤੇ ਪੇਂਡੂ ਸੱਭਿਆਚਾਰ ਦਾ ਵਿਲੱਖਣ ਪਾਤਰ ਹੈ ਜਿਸ ਦੀ ਆਪਣੀ ਨਿਵੇਕਲੀ ਹੋਂਦ ਅਤੇ ਪਛਾਣ ਹੈ।ਇਹ ਪਾਤਰ ਜਿਥੇ ਆਪਣੇ ਕੰਮਾਂ-ਕਾਰਾਂ ਅਤੇ ਪਹਿਰਾਵੇ ਕਾਰਨ ਲੋਕਾਈ ਦੀ ਅੱਖ ਦਾ ਬਿੰਦੂ ਬਣਦੇ ਹਨ, ਉਥੇ ਇਨ੍ਹਾਂ ਦਾ ਰਹਿਣ-ਸਹਿਣ ਖਾਸ ਕਰਕੇ ਉਨ੍ਹਾਂ ਦਾ ਘਰ-ਬਾਰੁ ਵੀ ਇਨ੍ਹਾਂ ਦੀ ਵਿਲੱਖਣਤਾ ਦੀ ਤਰਜ਼ਮਾਨੀ ਕਰਦਾ ਹੈ ਜਿਸਨੂੰ ਲੋਕ ਬੋਲੀਆਂ ਵਿਚ ਬੜੀ ਬੇਬਾਕੀ ਨਾਲ ਚਿਤਰਿਆ ਗਿਆ ਹੈ:-

(ੳ) ਉਹ ਘਰ ਛੜਿਆਂ ਦਾ ਜਿਥੇ ਸ਼ੀਸ਼ਾ ਮੋਚਣਾ ਖੜਕੇ, ਉਹ ....
(ਅ) ਉਹ ਘਰ ਛੜਿਆ ਦਾ ਜਿਥੇ ਕੂੰਡਾ ਘੋਟਣਾ ਖੜਕੇ, ਉਹ ਘਰ .....
(ੲ) ਉਹ ਘਰ ਛੜਿਆ ਦਾ ਜਿਥੇ ਲੱਗਣ ਤੇਲ ਦੇ ਤੜਕੇ, ਉਹ ਘਰ...
(ਸ) ਦੋ ਛੜਿਆ ਕੋਲ ਇਕ ਢੋਲਕੀ ਰੋਜ਼ ਰਾਤ ਨੂੰ ਖੜਕੇ
ਨੀ ਮੇਲਾ ਛੜਿਆ ਦਾ ਵੇਖ ਚੁਬਾਰੇ ਚੜ੍ਹਕੇ,

ਸਮਾਜ ਵਿਚ ਵਿਚਰਦਿਆਂ ਅਤੇ ਪ੍ਰਸਥਿਤੀਆਂ ਨਾਲ ਦੋ ਚਾਰ ਹੁੰਦਿਆ ਛੜੇ ਦੀ ਆਤਮਾ ਹਲੂਣੀ ਜਾਂਦੀ ਹੈ।ਉਹ ਗਿਣਤੀਆਂ-ਮਿਣਤੀਆਂ ਰਾਹੀਂ ਇਸ ਸਿੱਟੇ ਤੇ ਪੁੱਜਦਾ ਹੈ ਕਿ ਅਲਸ ਵਿੱਚ ਸਾਰਾ ਦੋਸ਼ ਸਮਾਜ਼ ਦਾ ਨਹੀਂ ਸਗੋਂ ਅਸਲੀ ਦੋਸ਼ੀ ਤਾਂ ਉਹ ਸਿਰਜਣਹਾਰ ਹੈ ਜਿਸਨੇ ਉਸ ਨਾਲ ਆਨਿਆ ਕੀਤਾ ਹੈ।ਜੇਕਰ ਉਹ ਕਿਸੇ ਪਾਸਿਓ ਕੋਈ ਟਹਿਣੀ ਨੀਂਵੀਂ ਕਰ ਦਿੰਦਾ ਤਾਂ ਉਹ ਵੀ ਸਮਾਜ ਦਾ ਸਤਿਕਾਰਤ ਪਾਤਰ ਬਣਕੇ ਵਿਚਰਦਾ। ਇਸ ਲਈ ਉਹ ਆਪਣੀ ਅਜਿਹੀ ਸਥਿਤੀ ਦਾ ਉਲਾਂਭਾ ਰੱਬ ਨੂੰ ਇਸ ਤਰ੍ਹਾਂ ਦਿੰਦਾ ਹੈ:-

ਸਾਨੂੰ ਤਾਂ ਤੂੰ ਸਾਜ ਕੇ ਰੱਬਾ, ਆਪ ਹੋਗਿਆ ਅੰਨਾ
ਸਾਡੀ ਵਾਰੀ ਨੂੰ ਕਾਲ ਪੈ ਗਿਆ,ਮੁੱਕੀਆਂ ਤੇਰੇ ਘਰ ਰੰਨਾਂ
ਕੱਲਰ ਦੇ ਵਿੱਚ ਟੋਕਰੇ ਰੱਬਾ ਦੋਵੇਂ ਗੋਢੇ ਭੰਨਾਂ ਮੋਢੇ ਭੰਨਾ
ਰੱਥ ਗੱਡੀਆਂ ਦੀਆਂ ਵੱਜਣ ਟੱਲੀਆਂ ਚੜ੍ਹ-ਚੜ੍ਹ ਜਾਂਦੀਆਂ ਜੰਨਾਂ
ਕਿਰਪਾ ਤੂੰ ਕਰਦੇ ਦੇਹ ਛੜਿਆਂ ਨੂੰ ਰੰਨਾ....

ਛੜਾ ਰੱਬ ਨੂੰ ਉਲਾਮਾਂ ਦੇਣ ਤੇ ਰੋਅਬ ਪਾਉਣ ਤੋਂ ਬਾਅਦ ਆਪਣੇ ਮਨ ਨੂੰ ਆਪ ਹੀ ਤਸੱਲੀ ਦਿੰਦਾ ਹੈ ਕਿ ਇਕ ਉਹ ਵੀ ਸਮਾਜ ਵਿਚ ਤੀਂਘੜ ਕੇ ਜੀਵੇਗਾ ਜਿਸ ਲਈ ਉਹ ਦੂਸਰੇ ਹਮ-ਰੁਤਬਾ (ਛੜੇ) ਵਿਅਕਤੀ ਨਾਲ ਆਪਣਾ ਘਰ ਵਸਾਉਣ ਦੀ ਸਲਾਹ ਵੀ ਕਰਦਾ ਹੈ ਤੇ ਜਿਸ ਲਈ ਮੁੱਲ ਦੀ ਤੀਵੀਂ ਲਿਆਉਣ ਦਾ ਸੁਪਨਾ ਸਿਰਜਦਾ ਹੈ।ਉਹ ਮਨ ਹੀ ਮਨ ਉਸਦੇ ਹਰ ਦੁੱਖ-ਸੁੱਖ ਦਾ ਸਾਥੀ ਬਣਨ ਦੀ ਲੋਚਾ ਇਸ ਤਰ੍ਹਾਂ ਰਖਦਾ ਹੈ:-

ਛੜਾ ਛੜੇ ਨਾਲ ਕਰੇ ਦਲੀਲਾਂ,ਆਪਾਂ ਵਿਆਹ ਕਰਵਾਈਏ
ਵਿਆਹ ਕਰਵਾਕੇ ਬਹੂ ਲਿਆਈਏ ਛੱਜ ਟੂੰਮਾਂ ਦਾ ਪਾਈਏ
ਗੱਡੀ ਵਿਚ ਰੋਂਦੀ ਨੂੰ ਘੁੱਟ ਕੇ ਕਾਲਜੇ ਲਾਈਏ

ਬੇਸ਼ੱਕ ਇਹ ਪਾਤਰ (ਛੜੇ) ਸਮਾਜ ਦੇ ਤ੍ਰਿਸਕਾਰੇ, ਪਾਤਰ ਹਨ ਪ੍ਰੰਤੂ ਸਮੁੱਚੀ ਲੋਕਾਈ ਵਿਚ ਵਿਚਰਦਿਆਂ ਐਸੇ ਲੋਕ ਵੀ ਹਨ ਜੋ ਇਨ੍ਹਾਂ ਰੱਬ ਦੇ ਮਾਰੇ ਜੀਵਾਂ ਦੇ ਹਮਦਰਦ ਵੀ ਹਨ।ਇਹ ਲੋਕ ਉਨ੍ਹਾ ਦੀ ਮਨੋ-ਵੇਦਨਾ ਨੂੰ ਸਮਝਦੇ ਹੋਏ ਇਨ੍ਹਾਂ ਨਾਲ ਪਿਆਰ ਵੀ ਕਰਦੇ ਹਨ, ਵਲੂੰਧਰੇ ਹਿਰਦੇ ਨੂੰ ਪਿਆਰ ਦੇ ਫੰਬੇ ਵੀ ਲਗਾਉਂਦੇ ਹਨ। ਜਿਨ੍ਹਾ ਦੀ ਗਵਾਹੀ ਲੋਕ-ਬੋਲੀਆਂ ਇਸ ਤਰ੍ਹਾ ਭਰਦੀਆ ਹਨ:-

ਛੜਾ-ਛੜਾ ਨਾ ਕਰਿਆ ਕਰਨੀ, ਛੜੇ ਬੜੇ ਪਿਆਰੇ
ਅੜੇ-ਥੁੜੇ ਵਿਚ ਕੰਮ ਆ ਜਾਂਦੇ ਨਾਲੇ ਖੁਆਉਂਦੇ ਸ਼ੱਕਰਪਾਰੇ
ਪਹਿਲਾਂ ਹੀ ਇਹ ਰੱਬੋਂ ਔਖੇ ਤਾਹੀਓ ਰਹਿਗੇ ਕੁਆਰੇ
ਇਨ੍ਹਾ ਛੜਿਆ ਨੂੰ ਨਾਂ ਝਿੜਕੀਂ ਮੁਟਿਆਰੇ
ਛੜੇ ਹੁੰਦੇ ਨਹੀਂ ਦਿਲਾਂ ਦੇ ਮਾੜੇ ਏਵੇਂ ਲੋਕੀਂ ਸ਼ੱਕ ਕਰਦੇ

## ਹਵਾਲੇ ਟਿੱਪਣੀਆਂ ਤੇ ਸਹਾਇਕ ਪੁਸਤਕਾਂ


1) ਮਹਿੰਦਰ ਸਿੰਘ ਬਿਰਦੀ, ਮਾਲਵੇ ਦਾ ਲੋਕ ਸਾਹਿਤ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2000 ਪੰਨਾ 66
2) ਡਾ. ਕਰਨੈਲ ਸਿੰਘ ਸੋਮਲ, ਡਾ. ਜਗੀਰ ਸਿੰਘ, ਲਾਜ਼ਮੀ ਪੰਜਾਬੀ (11ਵੀਂ ਸ਼੍ਰੇਣੀ ਲਈ) ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ 2000 ਪੰਨਾ 34
3) ਡਾ. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, ਪੰਨਾ 169
4) ਡਾ. ਜਗੀਰ ਸਿੰਘ ਨੂਰ, ਪੰਜਾਬਨਾਂ ਦੇ ਲੋਕ ਨਾਚ ਪੰਨਾ 67-68
5) ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ